ਕੂੜਾ-ਕਰਕਟ ਅਤੇ ਰੀਸਾਈਕਲਿੰਗ

ਜਾਣਕਾਰੀ ਗਾਈਡ



wyndhamcity
city. coast. country

ਸਾਡਾ ਸੁਪਨਾ

ਵਿੰਡਹੈਮ ਵਿੱਚ ਤੁਹਾਡਾ ਸਵਾਗਤ ਹੈ!

ਇਹ ਗਾਈਡ ਵਿੰਡਹੈਮ ਸਿਟੀ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਬਹੁਤ ਸਾਰੀਆਂ ਕੂੜਾ ਨਿਪਟਾਰਾ ਸੇਵਾਵਾਂ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ ਕਿ ਉਹਨਾਂ ਤੱਕ ਕਿਵੇਂ ਪਹੁੰਚ ਕਰਨੀ ਹੈ ਅਤੇ ਉਹਨਾਂ ਦੀ ਵਰਤੋਂ ਕਿਵੇਂ ਕਰਨੀ ਹੈ। ਇਹ ਗਾਈਡ ਨਿਵਾਸੀਆਂ ਨੂੰ 'ਵਿੰਡਹੈਮ ਨੂੰ ਸਾਫ਼-ਸੁਥਰਾ ਰੱਖਣ' ਵਿੱਚ ਆਪਣਾ ਯੋਗਦਾਨ ਪਾਉਣ ਵਿੱਚ ਮੱਦਦ ਕਰੇਗੀ।

ਹੋਰ ਕੂੜਾ ਅਤੇ ਰੀਸਾਈਕਲਿੰਗ ਸੇਵਾਵਾਂ ਬਾਰੇ ਜਾਣਕਾਰੀ ਅਤੇ ਇਸ ਕਿਤਾਬਚੇ ਦੇ ਹੋਰ ਭਾਸ਼ਾਵਾਂ ਵਿੱਚ ਅਨੁਵਾਦਾਂ ਲਈ, ਹੇਠਾਂ ਦਿੱਤੇ ਲਿੰਕ ਜਾਂ QR ਕੋਡ ਦੀ ਵਰਤੋਂ ਕਰੋ:
www.wyndham.vic.gov.au/services/about-waste-and-recycling

ਕੂੜਾ ਡੰਪ ਨਾ ਕਰੋ!– ਕੂੜੇ ਨੂੰ ਮੁਫ਼ਤ ਵਿੱਚ ਨਿਪਟਾਓ



ਵਿੰਡਹੈਮ ਨੂੰ ਸਾਫ਼-ਸੁਥਰਾ ਰੱਖਣ ਵਿੱਚ ਮੱਦਦ ਕਰੋ
ਕੂੜਾ ਅਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਸੁੱਟਿਆ ਗਿਆ ਸਮਾਨ ਜੰਗਲੀ ਜੀਵਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਪਾਣੀ ਦੇ ਸਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ, ਅਤੇ ਸਾਡੇ ਪਾਰਕਾਂ ਅਤੇ ਗਲੀਆਂ ਦੀ ਸੁੰਦਰਤਾ ਨੂੰ ਖ਼ਰਾਬ ਕਰਦਾ ਹੈ। ਆਪਣੀ ਮੁਫ਼ਤ ਹਾਰਡ ਵੇਸਟ ਕਲੈਕਸ਼ਨ ਸੇਵਾ ਦੀ ਵਰਤੋਂ ਕਰੋ - ਡੰਪ ਨਾ ਕਰੋ!

ਕੈਮਰੇ 'ਚ ਫੜ੍ਹੇ ਗਏ
ਵਿੰਡਹੈਮ ਸਿਟੀ ਅਕਸਰ ਗ਼ੈਰ-ਕਾਨੂੰਨੀ ਤਰੀਕੇ ਨਾਲ ਕੂੜਾ ਸੁੱਟਣ ਵਾਲੀਆਂ ਮਸ਼ਹੂਰ ਥਾਵਾਂ 'ਤੇ CCTV ਕੈਮਰੇ ਲਗਾਉਂਦੀ ਹੈ ਅਤੇ ਨਿਯਮਤ ਤੌਰ 'ਤੇ ਗਸ਼ਤ ਕਰਦੀ ਹੈ। ਜੇਕਰ ਕੋਈ ਗ਼ੈਰ-ਕਾਨੂੰਨੀ ਤਰੀਕੇ ਨਾਲ ਕੂੜਾ ਸੁੱਟਦਿਆਂ ਫੜਿਆ ਗਿਆ, ਤਾਂ ਉਸ ਨੂੰ ਜੁਰਮਾਨਾ ਹੋਵੇਗਾ।

ਇਸ ਦੀ ਰਿਪੋਰਟ ਕਰੋ!
ਜੇਕਰ ਤੁਸੀਂ ਕਿਸੇ ਨੂੰ ਕੂੜਾ ਸੁੱਟਦੇ ਹੋਏ ਵੇਖੋ, ਤਾਂ ਮਿਤੀ, ਸਮਾਂ, ਸਥਾਨ, ਜਾਣਕਾਰੀ (ਜਿਵੇਂ ਵਾਹਨ ਰਜਿਸਟ੍ਰੇਸ਼ਨ ਜਾਂ ਵਰਣਨ) ਅਤੇ ਫ਼ੋਟੋਆਂ ਵਰਗੇ ਸਬੂਤਾਂ ਸਮੇਤ ਰਿਪੋਰਟ ਕਰੋ:
www.wyndham.vic.gov.au/raise-request-or-issue

ਹਾਰਡ ਅਤੇ ਗ੍ਰੀਨ ਵੇਸਟ ਕੁਲੈਕਸ਼ਨ ਸੇਵਾ



ਤੁਹਾਡੇ ਘਰ ਤੋਂ ਮੁਫ਼ਤ ਵਿੱਚ ਤਿੰਨ ਵਾਰ ਹਾਰਡ ਵੇਸਟ ਚੁੱਕਣ ਦੀ ਸੇਵਾ

ਵਿੰਡਹੈਮ ਸਿਟੀ ਦੇ ਨਿਵਾਸੀ ਮੁਫ਼ਤ ਵਿੱਚ ਕਈ ਸੇਵਾਵਾਂ ਦੀ ਵਰਤੋਂ ਕਰ ਸਕਦੇ ਹਨ, ਜਿਨ੍ਹਾਂ ਰਾਹੀਂ ਉਹ ਆਪਣੇ ਕੂੜੇ-ਕਰਕਟ ਜਾਂ ਨਾ-ਲੋੜੀਂਦੇ ਘਰੇਲੂ ਸਮਾਨ ਨੂੰ ਰੀਸਾਈਕਲ ਜਾਂ ਨਿਪਟਾ ਸਕਦੇ ਹਨ।

ਹਾਰਡ ਅਤੇ ਗ੍ਰੀਨ ਵੇਸਟ ਕੁਲੈਕਸ਼ਨ

ਵਿੰਡਹੈਮ ਵਿੱਚ ਜ਼ਿਆਦਾਤਰ ਪਰਿਵਾਰ (ਕਿਰਾਏਦਾਰਾਂ ਸਮੇਤ) ਹਰ ਵਿੱਤੀ ਸਾਲ ਵਿੱਚ ਤਿੰਨ ਵਾਰ ਮੁਫ਼ਤ ਹਾਰਡ ਅਤੇ ਗ੍ਰੀਨ ਵੇਸਟ ਚੁੱਕਣ ਦੀ ਸੇਵਾ ਬੁੱਕ ਕਰ ਸਕਦੇ ਹਨ, ਜੋ ਕਿ ਨਿਵਾਸੀ ਦੇ ਘਰ ਤੋਂ ਚੁੱਕਿਆ ਜਾਂਦਾ ਹੈ। ਕੂੜਾ ਚੁੱਕਣ ਦੀ ਸੇਵਾ ਲਈ 2 ਹਫ਼ਤੇ ਪਹਿਲਾਂ ਬੁੱਕਿੰਗ ਕਰਵਾਉਣੀ ਲਾਜ਼ਮੀ ਹੈ ਅਤੇ ਚੁੱਕਿਆ ਜਾਣ ਵਾਲਾ ਕੂੜਾ 3 ਕਿਊਬਿਕ ਮੀਟਰ (3m x 1m x 1m) ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ।

ਵਧੇਰੇ ਜਾਣਕਾਰੀ ਲਈ ਜਾਂ ਹਾਰਡ ਅਤੇ ਗ੍ਰੀਨ ਵੇਸਟ ਕੁਲੈਕਸ਼ਨ ਬੁੱਕ ਕਰਨ ਲਈ,
ਤੁਸੀਂ **1300 023 411** 'ਤੇ ਫ਼ੋਨ ਕਰ ਸਕਦੇ ਹੋ ਜਾਂ ਇਸ ਵੈੱਬਸਾਈਟ 'ਤੇ ਜਾਓ:

Or visit: **www.wyndham.vic.gov.au/services/waste-recycling/hard-and-green-waste-collection-service**

ਕੂੜਾ ਨਿਪਟਾਰਾ ਵਾਊਚਰ | ਵਾਊਚਰ ਐਕਸਚੇਂਜ



ਕੂੜਾ ਨਿਪਟਾਰਾ ਵਾਊਚਰ - ਰੇਟ ਭਰਨ ਵਾਲੇ ਨਿਵਾਸੀ ਲਈ

ਵਿੰਡਹੈਮ ਸਿਟੀ ਹਰ ਸਾਲ ਰੇਟ ਭਰਨ ਵਾਲਿਆਂ ਨੂੰ ਇੱਕ ਵਾਊਚਰ ਦਿੰਦੀ ਹੈ, ਜਿਸ ਨਾਲ ਉਹ ਵਿੰਡਹੈਮ ਲੈਂਡਫਿਲ ਅਤੇ ਰਿਸੋਰਸ ਰਿਕਵਰੀ ਸੈਂਟਰ (ਟਿੱਪ) 'ਤੇ ਇੱਕ ਵਾਰ ਮੁਫ਼ਤ ਕੂੜਾ ਲਿਜਾ ਕੇ ਸੁੱਟ ਸਕਦੇ ਹਨ। ਇਹ ਵਾਊਚਰ ਹਰ ਨਵੇਂ ਵਿੱਤੀ ਸਾਲ ਦੇ ਪਹਿਲੇ ਰੇਟਸ ਨੋਟਿਸ 'ਤੇ ਛਪਿਆ ਹੁੰਦਾ ਹੈ, ਅਤੇ **470 Wests Road, Werribee, 3030** 'ਤੇ ਸਥਿਤ ਟਿੱਪ ਵਿੱਚ ਕੂੜਾ ਲਿਜਾਣ ਵੇਲੇ ਗੇਟ 'ਤੇ ਦਿਖਾਉਣਾ ਲਾਜ਼ਮੀ ਹੁੰਦਾ ਹੈ।

ਕੂੜੇ ਦੀ ਮਾਤਰਾ 'ਤੇ ਹੱਦਾਂ ਅਤੇ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। ਸੰਪੂਰਨ ਨਿਯਮ ਅਤੇ ਸ਼ਰਤਾਂ ਲਈ ਵੈੱਬਸਾਈਟ ਵੇਖੋ।

ਕੂੜਾ ਨਿਪਟਾਰਾ ਵਾਊਚਰ – ਨਿਵਾਸੀਆਂ ਲਈ

ਯੋਗ ਨਿਵਾਸੀ (ਜਿਸ ਵਿੱਚ ਕਿਰਾਏਦਾਰ ਅਤੇ ਮਾਲਕ ਦੋਵੇਂ ਸ਼ਾਮਿਲ ਹਨ) ਵਿੰਡਹੈਮ ਲੈਂਡਫਿਲ ਅਤੇ ਸਰੋਤ ਰਿਕਵਰੀ ਸੈਂਟਰ 'ਤੇ ਵਾਊਚਰ ਬਦਲ ਕੇ ਇੱਕ ਵਾਰੀ ਤੋਂ ਵੱਧ ਵਾਰ ਮੁਫ਼ਤ ਵਿੱਚ ਟਿੱਪ 'ਤੇ ਜਾ ਸਕਦੇ ਹਨ, ਜੇਕਰ ਉਹ ਹਾਰਡ ਅਤੇ ਗ੍ਰੀਨ ਵੇਸਟ ਚੁੱਕਣ ਦੀ ਸੇਵਾ ਨੂੰ ਕੂੜਾ ਨਿਪਟਾਰਾ ਵਾਊਚਰ ਵਿੱਚ ਬਦਲੀ ਕਰਵਾ ਲੈਣ।

ਨਿਵਾਸੀ ਘਰ ਲਈ ਅਲਾਟ ਕੀਤੀ ਹਰੇਕ ਹਾਰਡ ਅਤੇ ਗ੍ਰੀਨ ਵੇਸਟ ਚੁੱਕਣ ਦੀ ਬੁਕਿੰਗ ਵਾਲੀ ਸੇਵਾ ਨੂੰ ਕੂੜਾ ਨਿਪਟਾਰਾ ਵਾਊਚਰ ਨਾਲ ਬਦਲ ਸਕਦੇ ਹਨ ਤਾਂ ਜੋ ਉਹ ਟਿੱਪ 'ਤੇ ਵਰਤਿਆ ਜਾ ਸਕੇ।

ਉਲਟ ਵੀ ਕਰ ਸਕਦੇ ਹੋ — ਜੇਕਰ ਤੁਹਾਡੇ ਕੋਲ ਕੂੜਾ ਨਿਪਟਾਰਾ ਵਾਊਚਰ ਹੈ, ਤਾਂ ਤੁਸੀਂ ਉਸ ਨੂੰ ਹਾਰਡ ਅਤੇ ਗ੍ਰੀਨ ਵੇਸਟ ਚੁੱਕਣ ਦੀ ਸੇਵਾ ਨਾਲ ਬਦਲਵਾ ਸਕਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਗਾਹਕ ਸੇਵਾ ਨਾਲ **1300 023 411** 'ਤੇ ਸੰਪਰਕ ਕਰੋ, ਜਾਂ ਇਸ ਵੈੱਬਸਾਈਟ 'ਤੇ ਜਾਓ

www.wyndham.vic.gov.au/venues/municipal-tip-refuse-disposal-facility

ਵਿੰਡਹੈਮ ਲੈਂਡਫਿਲ ਅਤੇ ਰਿਸੋਰਸ ਰਿਕਵਰੀ ਸੈਂਟਰ

470 Wests Rd, Werribee 3030 ‘ਤੇ ਸਥਿਤ ਵਿੰਡਹੈਮ ਲੈਂਡਫਿਲ ਐਂਡ ਰਿਸੋਰਸ ਰਿਕਵਰੀ ਸੈਂਟਰ ‘ਤੇ ਜਾਓ। ਇਹ ਪਤਾ ਲਗਾ ਕੇ ਆਪਣੀ ਯਾਤਰਾ ਦੀ ਯੋਜਨਾ ਬਣਾਓ ਕਿ ਕਿਹੜੀਆਂ ਚੀਜ਼ਾਂ ਦਾ ਨਿਪਟਾਰਾ ਮੁਫ਼ਤ ਵਿੱਚ ਕੀਤਾ ਜਾ ਸਕਦਾ ਹੈ ਅਤੇ ਕਿਹੜੀਆਂ ਲਈ ਫ਼ੀਸ ਲੱਗ ਸਕਦੀ ਹੈ।

ਮੁਫ਼ਤ ਡ੍ਰੌਪ-ਆਫ਼ (ਚੀਜ਼ਾਂ ਛਾਂਟੀ ਕਰਕੇ ਲਿਆਉਣੀਆਂ ਲਾਜ਼ਮੀ ਹਨ)



ਇਹ ਚੀਜ਼ਾਂ ਅਤੇ ਹੋਰ ਵੀ ਕੂੜਾ ਨਿਪਟਾਰਾ ਵਾਊਚਰ ਦੀ ਵਰਤੋਂ ਕਰਕੇ ਮੁਫ਼ਤ ਜਾਂ ਖ਼ਰਚੇ ‘ਤੇ ਨਿਪਟਾਈਆਂ ਜਾ ਸਕਦੀਆਂ ਹਨ।



ਮਾਤਰਾ ਲਈ ਹੱਦਾਂ ਅਤੇ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। ਵਧੇਰੇ ਜਾਣਕਾਰੀ ਲਈ ਵੈੱਬਸਾਈਟ ਵੇਖੋ।

ਫ਼ੀਸਾਂ ਅਤੇ ਕੀ ਸਵੀਕਾਰ ਕੀਤਾ ਜਾਂਦਾ ਹੈ ਅਤੇ ਕੀ ਨਹੀਂ, ਇਸ ਬਾਰੇ ਵਧੇਰੇ ਜਾਣਕਾਰੀ ਲਈ www.wyndham.vic.gov.au/venues/municipal-tip-refuse-disposal-facility ‘ਤੇ ਜਾਓ।

ਬਿੰਨ ਲੈ ਕੇ ਜਾਣਾ

ਮੇਰਾ ਬਿੰਨ ਲੈ ਕੇ ਜਾਣ ਵਾਲਾ ਦਿਨ ਕਦੋਂ ਹੁੰਦਾ ਹੈ?

ਕੀ ਤੁਸੀਂ ਸੋਚ ਰਹੇ ਹੋ ਕਿ ਤੁਹਾਡਾ ਬਿੰਨ ਕਿਸ ਦਿਨ ਲੈ ਕੇ ਜਾਇਆ ਜਾਵੇਗਾ? ਇੱਥੇ ਇਸ ਬਾਰੇ ਇੱਕ ਝੱਟਪੱਟ ਗਾਈਡ ਦਿੱਤੀ ਗਈ ਹੈ:

- ਰੀਸਾਈਕਲਿੰਗ ਬਿੰਨ (ਪੀਲਾ): ਹਰ ਪੰਦਰਵੇਂ ਦਿਨ ਲਿਜਾਇਆ ਜਾਂਦਾ ਹੈ।
- ਆਮ ਕੂੜਾ-ਕਰਕਟ ਬਿੰਨ (ਲਾਲ): ਹਰ ਹਫ਼ਤੇ ਲਿਜਾਇਆ ਜਾਂਦਾ ਹੈ।
- ਭੋਜਨ ਅਤੇ ਬਾਗਬਾਨੀ ਕੂੜਾ (ਹਰਾ): ਹਰ ਪੰਦਰਵੇਂ ਦਿਨ ਲਿਜਾਇਆ ਜਾਂਦਾ ਹੈ — ਰੀਸਾਈਕਲਿੰਗ ਬਿੰਨ ਲੈ ਕੇ ਜਾਣ ਦੇ ਅਗਲੇ ਹਫ਼ਤੇ।

ਆਪਣੇ ਘਰ ਲਈ ਬਿੰਨ ਲੈ ਕੇ ਜਾਣ ਦੀ ਸਮਾਂ-ਸੂਚੀ ਦਾ ਪਤਾ ਲਗਾਉਣ ਲਈ ਇਸ QR ਕੋਡ ਨੂੰ ਸਕੈਨ ਕਰੋ ਜਾਂ ਇੱਥੇ ਜਾਓ: digital.wyndham.vic.gov.au/mywyndham/

ਹਾਂ



ਨਹੀਂ



ਆਪਣੇ ਬਿੰਨ ਕਿਵੇਂ ਸੰਭਾਲਣੇ ਹਨ?

ਬਿੰਨ ਇਕੱਠਾ ਕਰਨ ਦੀ ਨਿਰਵਿਘਨ ਸੇਵਾ ਨੂੰ ਯਕੀਨੀ ਬਣਾਉਣ ਲਈ ਅਤੇ ਗਲੀਆਂ ਨੂੰ ਸਾਫ਼ ਰੱਖਣ ਲਈ:

- ✓ ਬਿੰਨਾਂ ਨੂੰ ਸੜਕ ਦੇ ਕਿਨਾਰੇ ਇੱਕ-ਦੂਜੇ ਦੇ ਨਾਲ ਇਸ ਤਰ੍ਹਾਂ ਰੱਖੋ ਕਿ ਹੈਂਡਲ ਸੜਕ ਤੋਂ ਦੂਜੇ ਪਾਸੇ ਹੋਣ।
- ✓ ਬਿੰਨਾਂ ਦੇ ਵਿਚਕਾਰ 50 ਸੈ.ਮੀ. ਦੀ ਦੂਰੀ ਰੱਖੋ ਅਤੇ ਰੁੱਖਾਂ, ਖੰਭਿਆਂ, ਵਾਹਨਾਂ ਅਤੇ ਡਰਾਈਵਵੇਅ ਤੋਂ 1 ਮੀਟਰ ਦੀ ਦੂਰੀ ਛੱਡੋ।
- ✓ ਬਿੰਨ ਚੁੱਕੇ ਜਾਣ ਵਾਲੇ ਨਿਰਧਾਰਤ ਦਿਨ ਤੋਂ ਇੱਕ ਰਾਤ ਪਹਿਲਾਂ ਬਿਨ੍ਹਾਂ ਨੂੰ ਬਾਹਰ ਰੱਖੋ ਅਤੇ 24 ਘੰਟਿਆਂ ਦੇ ਅੰਦਰ-ਅੰਦਰ ਉਨ੍ਹਾਂ ਨੂੰ ਆਪਣੇ ਘਰ ਵਿੱਚ ਵਾਪਸ ਲੈ ਜਾਓ।
- ✓ ਬਿੰਨ ਨੂੰ ਬਹੁਤ ਜ਼ਿਆਦਾ ਨਾ ਭਰੋ ਜਾਂ ਸਮਾਨ ਨੂੰ ਬਿੰਨ ਵਿੱਚ ਨਾ ਦਬਾਓ — ਬਿੰਨ ਦਾ ਢੱਕਣ ਬੰਦ ਹੋਣਾ ਲਾਜ਼ਮੀ ਹੈ, ਵਾਧੂ ਬੈਗ ਜਾਂ ਡੱਬੇ ਇਕੱਠੇ ਨਹੀਂ ਕੀਤੇ ਜਾਣਗੇ।

ਕੀ ਤੁਸੀਂ ਕਿਸੇ ਕੋਰਟ ਜਾਂ ਮਲਟੀ-ਯੂਨਿਟ ਰਿਹਾਇਸ਼ ਵਿੱਚ ਰਹਿੰਦੇ ਹੋ?

- ਬਿੰਨਾਂ 'ਤੇ ਆਪਣੇ ਘਰ ਦਾ ਨੰਬਰ ਲਿਖੋ
- ਬਿੰਨਾਂ ਨੂੰ ਗਲੀ ਦੇ ਸਿੱਧੇ ਹਿੱਸੇ ਵਿੱਚ ਰੱਖੋ
- ਬਿੰਨ ਲੈ ਕੇ ਜਾਣ ਵਾਲੇ ਦਿਨ ਵਾਹਨਾਂ ਨੂੰ ਬਿੰਨ ਦੇ ਨੇੜੇ ਨਾ ਖੜ੍ਹਾ ਕਰੋ।

ਬਿੰਨ ਸੇਵਾ ਨਾਲ ਸੰਬੰਧਿਤ ਸਮੱਸਿਆ ਦੀ ਰਿਪੋਰਟ ਕਰੋ

ਟੁੱਟੇ, ਗੁੰਮ ਜਾਂ ਚੋਰੀ ਹੋਏ ਬਿੰਨ ਦੀ ਰਿਪੋਰਟ ਕਰੋ

ਟੁੱਟੇ, ਗੁੰਮ ਜਾਂ ਚੋਰੀ ਹੋਏ ਬਿੰਨ ਦੀ ਰਿਪੋਰਟ ਕਰੋ ਟੁੱਟੇ ਹੋਏ ਬਿੰਨ ਕੂੜਾ ਡੁੱਲਣ ਅਤੇ ਕੂੜਾ ਖਿੱਲਰਨ ਦਾ ਕਾਰਨ ਬਣ ਸਕਦੇ ਹਨ, ਇਸ ਲਈ ਇਨ੍ਹਾਂ ਦੀ ਰਿਪੋਰਟ ਕਰਨ ਨਾਲ ਸਾਡੀਆਂ ਗਲੀਆਂ ਨੂੰ ਸਾਫ਼ ਰੱਖਣ ਵਿੱਚ ਮੱਦਦ ਮਿਲਦੀ ਹੈ। ਟੁੱਟੇ ਬਿੰਨ ਦੀ ਰਿਪੋਰਟ ਕਰਨ ਤੋਂ ਬਾਅਦ, ਬਿੰਨ ਨੂੰ ਖ਼ਾਲੀ ਕਰਕੇ ਆਪਣੇ ਨਿਰਧਾਰਤ ਕੂੜਾ ਚੁੱਕੇ ਜਾਣ ਵਾਲੇ ਦਿਨ ਤੋਂ ਬਾਅਦ ਸੜਕ ਕਿਨਾਰੇ ਰੱਖ ਦਿਓ। ਬਿੰਨ ਆਮ ਤੌਰ 'ਤੇ ਕੂੜਾ ਚੁੱਕੇ ਜਾਣ ਦੇ ਦੋ ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਮੁਰੰਮਤ ਜਾਂ ਬਦਲੀ ਕੀਤੇ ਜਾਂਦੇ ਹਨ।



ਜੇਕਰ ਮੇਰਾ ਬਿੰਨ ਚੁੱਕਿਆ ਨਹੀਂ ਗਿਆ ਤਾਂ ਕੀ ਕਰਨਾ ਹੈ?

ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬਿੰਨ ਚੁੱਕਿਆ ਜਾਵੇ, ਬਿੰਨ ਨੂੰ ਇੱਕ ਰਾਤ ਪਹਿਲਾਂ ਬਾਹਰ ਰੱਖੋ। ਜੇਕਰ ਤੁਹਾਡਾ ਬਿੰਨ ਚੁੱਕਣ ਵਾਲੇ ਦਿਨ ਸ਼ਾਮ 5 ਵਜੇ ਤੱਕ ਚੁੱਕਿਆ ਨਹੀਂ ਗਿਆ, ਤਾਂ ਇਸ ਮੁੱਦੇ ਨੂੰ ਤੁਰੰਤ ਹੱਲ ਕਰਨ ਅਤੇ ਆਪਣੀਆਂ ਕੂੜਾ ਸੇਵਾਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮੱਦਦ ਕਰਨ ਲਈ ਖੁੰਝੇ ਹੋਏ ਪਿਕ-ਅੱਪ ਦੀ ਰਿਪੋਰਟ ਕਰੋ।

ਨੋਟ: ਗੁੱਡ ਫਰਾਈਡੇ, ਕ੍ਰਿਸਮਸ ਅਤੇ ਨਵੇਂ ਸਾਲ ਵਾਲੇ ਦਿਨ ਬਿੰਨ ਨਹੀਂ ਚੁੱਕੇ ਜਾਣਗੇ। ਇਨ੍ਹਾਂ ਦਿਨਾਂ ਲਈ ਬਿੰਨ ਚੁੱਕ ਦੀ ਸੇਵਾ ਨਿਰਧਾਰਤ ਦਿਨ ਤੋਂ ਅਗਲੇ ਦਿਨ ਹੋਵੇਗੀ।

ਖੁੰਝੇ ਹੋਏ ਬਿੰਨ ਚੁੱਕਣ ਜਾਂ ਗੁੰਮ ਹੋਏ, ਚੋਰੀ ਜਾਂ ਟੁੱਟੇ ਹੋਏ ਬਿੰਨਾਂ ਦੀ ਰਿਪੋਰਟ ਕਰਨ ਲਈ:

ਇਸ QR ਕੋਡ ਨੂੰ ਸਕੈਨ ਕਰਕੇ ਬੇਨਤੀ ਜਾਂ ਸਮੱਸਿਆ ਦੱਸੋ ਜਾਂ ਇਸ ਵੈੱਬਸਾਈਟ 'ਤੇ ਜਾਓ:
www.wyndham.vic.gov.au/raise-request-or-issue

ਜਾਂ ਗਾਹਕ ਸੇਵਾ ਨੂੰ **1300 023 411** 'ਤੇ ਫ਼ੋਨ ਕਰੋ।

ਆਮ ਕੂੜਾ-ਕਰਕਟ (ਹਫ਼ਤਾਵਾਰੀ ਸੇਵਾ)

ਯਾਦ ਰੱਖੋ, ਇਸ ਬਿੰਨ ਵਿੱਚ ਤੁਸੀਂ ਜੋ ਵੀ ਪਾਉਂਦੇ ਹੋ ਉਹ ਸਿੱਧਾ ਲੈਂਡਫਿਲ ਵਿੱਚ ਜਾਂਦਾ ਹੈ। ਲੈਂਡਫਿਲ ਵਿੱਚ, ਭੋਜਨ ਅਤੇ ਬਾਗਬਾਨੀ ਦਾ ਕੂੜਾ ਸੜ ਕੇ ਗ੍ਰੀਨਹਾਊਸ ਗੈਸਾਂ ਵਿੱਚ ਬਦਲ ਜਾਂਦਾ ਹੈ। ਕੁੱਝ ਹੋਰ ਚੀਜ਼ਾਂ ਜਿਵੇਂ ਕਿ ਕਈ ਤਰ੍ਹਾਂ ਦੇ ਪਲਾਸਟਿਕ ਜਾਂ ਕੱਚ ਕਦੇ ਵੀ ਨਸ਼ਟ ਨਹੀਂ ਹੋ ਸਕਦੇ ਹਨ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣਾ ਕੂੜਾ ਘਟਾਈਏ, ਮੁੜ ਵਰਤੋਂ ਕਰੀਏ ਅਤੇ ਜਿੱਥੇ ਸੰਭਵ ਹੋਵੇ ਉਥੇ ਰੀਸਾਈਕਲ ਕਰੀਏ, ਤਾਂ ਜੋ ਲੈਂਡਫਿਲ ਵਿੱਚ ਜਾਣ ਵਾਲੇ ਕੂੜੇ ਨੂੰ ਘਟਾਇਆ ਜਾ ਸਕੇ।

- ਭੋਜਨ ਅਤੇ ਬਾਗਬਾਨੀ ਕੂੜੇ ਨੂੰ ਆਪਣੇ ਹਰੇ ਬਿੰਨ ਜਾਂ ਕੰਪੋਸਟ ਵਿੱਚ ਪਾਓ।
- ਚੀਜ਼ਾਂ ਨੂੰ ਸਹੀ ਤਰੀਕੇ ਨਾਲ ਰੀਸਾਈਕਲ ਕਰੋ।
- ਈ-ਕੂੜੇ (E-waste) ਨੂੰ ਕੌਂਸਲ ਦੇ ਡ੍ਰੌਪ-ਆਫ਼ ਪੁਆਇੰਟਾਂ 'ਤੇ ਜਾਂ ਹਾਰਡ ਵੇਸਟ ਕੁਲੈਕਸ਼ਨਾਂ ਰਾਹੀਂ ਨਿਪਟਾਓ।
- ਕੂੜਾ ਨਿਪਟਾਉਣ ਦੇ ਤਰੀਕਿਆਂ ਲਈ ਸਾਡੀ ਔਨਲਾਈਨ A-Z ਵੇਸਟ ਗਾਈਡ ਵੇਖੋ।



ਟੁੱਟੇ ਹੋਏ ਕੱਚ ਦੇ ਭਾਂਡੇ ਅਤੇ ਕਰੌਕਰੀ



ਟੇਕਵੇਅ ਕੱਪ



ਪੁਰਾਣੇ ਕੱਪੜੇ, ਜੁੱਤੇ ਅਤੇ ਕੱਪੜੇ ਦਾ ਹੋਰ ਸਮਾਨ



ਡਿਸਪੋਜ਼ੇਬਲ ਨੈਪੀਆਂ



ਪਲਾਸਟਿਕ ਦੇ ਲਿਫ਼ਾਫ਼ੇ, ਨਰਮ ਪਲਾਸਟਿਕ ਦੀ ਪੈਕਿੰਗ ਅਤੇ ਖਾਣ-ਪੀਣ ਦੇ ਸਾਮਾਨ ਦੇ ਰੈਪਰ



ਲਿਫ਼ਾਫ਼ੇ ਵਿੱਚ ਪਾਇਆ ਆਮ ਘਰੇਲੂ ਕੂੜਾ



ਬਿੱਲੀਆਂ ਦੇ ਗੰਦੇ ਵਾਲੀ ਰੇਤ ਅਤੇ ਜਾਨਵਰਾਂ ਦਾ ਕੂੜਾ





ਲਿਫ਼ਾਫ਼ੇ ਵਿੱਚ ਬੰਦ ਪੌਲੀਸਟੀਰੀਨ ਅਤੇ ਫੋਮ



ਪੇਪਰ ਟੌਵਲ ਅਤੇ ਟਿਸ਼ੂ



ਲੰਬੀ ਮਿਆਦ ਵਾਲੇ ਦੁੱਧ ਦੇ ਡੱਬੇ ਅਤੇ ਟੈਟਰਾ ਪੈਕਸ

ਨਹੀਂ



ਕਿਸੇ ਵੀ ਕਿਸਮ ਦੀਆਂ ਬੈਟਰੀਆਂ, ਜਾਂ ਜਲਣਸ਼ੀਲ ਤਰਲ ਪਦਾਰਥ ਜਾਂ ਖ਼ਤਰਨਾਕ ਕੂੜਾ ਨਹੀਂ

ਰੀਸਾਈਕਲਿੰਗ (ਹਰ ਪੰਦਰਵੇਂ ਦਿਨ)

ਸਹੀ ਤਰੀਕੇ ਨਾਲ ਰੀਸਾਈਕਲ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਸਦਾ ਰੀਸਾਈਕਲ ਹੋਣ ਵਾਲਾ ਸਮਾਨ ਮੁੜ ਵਰਤਿਆ ਜਾ ਸਕੇ, ਕੂੜਾ ਲੈਂਡਫਿਲ ਵਿੱਚ ਨਾ ਜਾਵੇ ਅਤੇ ਸਾਡੇ ਕੁਦਰਤੀ ਸਰੋਤ ਬਚਾਏ ਜਾ ਸਕਣ।

ਇਹ ਕਿਵੇਂ ਯਕੀਨੀ ਬਣਾਇਆ ਜਾਵੇ ਕਿ ਤੁਸੀਂ ਸਹੀ ਤਰੀਕੇ ਨਾਲ ਰੀਸਾਈਕਲ ਕਰਦੇ ਹੋ:

- ✓ ਕੰਟੇਨਰ, ਡੱਬੇ ਅਤੇ ਬੋਤਲਾਂ ਖ਼ਾਲੀ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਵਿੱਚ ਕੋਈ ਵੀ ਭੋਜਨ, ਤਰਲ ਪਦਾਰਥ, ਜਾਂ ਹੋਰ ਸਮੱਗਰੀ ਨਹੀਂ ਹੋਣੀ ਚਾਹੀਦੀ।
- ✓ ਢੱਕਣ ਲੱਗੇ ਰਹਿਣ ਦਿਓ।
- ✓ ਸਿਰਫ਼ ਸਖ਼ਤ ਪਲਾਸਟਿਕ ਦੇ ਡੱਬੇ ਅਤੇ ਬੋਤਲਾਂ ਹੀ ਪਾਓ, ਜਿਵੇਂ ਕਿ ਦੁੱਧ ਦੀਆਂ ਬੋਤਲਾਂ, ਸ਼ੈਂਪੂ ਦੀਆਂ ਬੋਤਲਾਂ, ਪਲਾਸਟਿਕ ਦੇ ਟੇਕਵੇਅ ਕੰਟੇਨਰ ਆਦਿ।
- ✗ ਜੇਕਰ ਇਹ ਨਰਮ ਪਲਾਸਟਿਕ ਹੈ, ਜਿਵੇਂ ਕਿ ਕਲਿੰਗ ਫਿਲਮ, ਚਿੱਪਸ ਦੇ ਰੈਪਰ ਜਾਂ ਪਲਾਸਟਿਕ ਦੇ ਲਿਫ਼ਾਫ਼ੇ, ਤਾਂ ਇਹ ਲਾਲ ਬਿੰਨ ਵਿੱਚ ਜਾਣਾ ਚਾਹੀਦਾ ਹੈ।



ਕਾਗਜ਼ ਅਤੇ ਗੱਤੇ
ਅਖ਼ਬਾਰ, ਦਫ਼ਤਰੀ ਕਾਗਜ਼, ਰੱਦੀ ਡਾਕ, ਕਿਤਾਬਾਂ, ਰਸਾਲੇ ਅਤੇ ਡੱਬੇ



ਐਲੂਮੀਨੀਅਮ ਅਤੇ ਸਟੀਲ
ਖ਼ਾਲੀ ਐਰੋਸੋਲ, ਟਿਨ, ਕੈਨ, ਫੋਇਲ ਅਤੇ ਫੋਇਲ ਟਰੇ



ਕੱਚ ਦੀਆਂ ਬੋਤਲਾਂ ਅਤੇ ਜਾਰ
ਖ਼ਾਲੀ ਹੋਣ, ਢੱਕਣਾਂ ਅਤੇ ਲੇਬਲਾਂ ਸਮੇਤ ਰੀਸਾਈਕਲ ਬਿੰਨ ਵਿੱਚ ਪਾਓ




• ਸਾਰੀਆਂ ਚੀਜ਼ਾਂ ਨੂੰ ਤੁਹਾਡੇ ਰੀਸਾਈਕਲਿੰਗ ਬਿੰਨ ਵਿੱਚ ਖੁੱਲ੍ਹਾ ਸੁੱਟੋ — ਲਿਫ਼ਾਫ਼ੇ ਜਾਂ ਡੱਬਿਆਂ ਵਿੱਚ ਪਾ ਕੇ ਨਹੀਂ।

• ਕਿਰਪਾ ਕਰਕੇ ਦੂਜਿਆਂ ਦੇ ਰੀਸਾਈਕਲਿੰਗ ਬਿੰਨਾਂ ਵਿੱਚੋਂ ਕਿਸੇ ਵੀ ਚੀਜ਼ ਨੂੰ ਕੱਢਣ ਤੋਂ ਪਰਹੇਜ਼ ਕਰੋ।



ਸਖ਼ਤ ਪਲਾਸਟਿਕ ਦੇ ਡੱਬੇ ਅਤੇ ਬੋਤਲਾਂ
ਰਸੋਈ, ਲਾਂਡਰੀ ਅਤੇ ਬਾਥਰੂਮ ਤੋਂ ਆਏ ਹੋਏ ਡੱਬੇ ਜਾਂ ਬੋਤਲਾਂ, ਸਿਰਫ਼ ਪਲਾਸਟਿਕ ਕੋਡ 1, 2 ਜਾਂ 5 ਵਾਲੇ ਹੀ।





ਕੋਈ ਵੀ ਲਿਫ਼ਾਫ਼ੇ ਜਾਂ ਲਿਫ਼ਾਫ਼ੇ ਵਿੱਚ ਬੰਦ ਸਮਾਨ ਨਹੀਂ

ਨਹੀਂ



ਕਿਸੇ ਵੀ ਕਿਸਮ ਦੀਆਂ ਬੈਟਰੀਆਂ, ਜਾਂ ਜਲਣਸ਼ੀਲ ਤਰਲ ਪਦਾਰਥ ਜਾਂ ਖ਼ਤਰਨਾਕ ਕੂੜਾ ਨਹੀਂ

ਭੋਜਨ ਅਤੇ ਬਾਗਬਾਨੀ ਕੂੜਾ (ਪੰਦਰਵੇਂ ਦਿਨ)

ਹਰੇ ਬਿੰਨ ਵਿੱਚ ਪਾਇਆ ਗਿਆ ਭੋਜਨ ਅਤੇ ਬਾਗਬਾਨੀ ਕੂੜਾ ਪੌਸ਼ਟਿਕ ਤੱਤਾਂ ਨਾਲ ਭਰਪੂਰ ਖਾਦ ਵਿੱਚ ਬਦਲ ਜਾਂਦਾ ਹੈ, ਜਿਸਨੂੰ ਸਾਡੇ ਪਾਰਕਾਂ, ਬਾਗਾਂ ਅਤੇ ਖੇਤਾਂ ਵਿੱਚ ਵਰਤਿਆ ਜਾ ਸਕਦਾ ਹੈ।



ਸਮੁੰਦਰੀ ਭੋਜਨ,
ਮਾਸ ਅਤੇ ਹੱਡੀਆਂ



ਫ਼ਲ ਅਤੇ ਸਬਜ਼ੀਆਂ
ਦੇ ਛਿਲਕੇ/ਸਕ੍ਰੈਪਸ



ਦੁੱਧ, ਦਹੀਂ ਅਤੇ ਅੰਡੇ



ਰੋਟੀ, ਪਾਸਤਾ,
ਚੌਲ ਅਤੇ ਅਨਾਜ



ਖੁੱਲੀ ਪੱਤੀ ਵਾਲੀ
ਚਾਹ ਅਤੇ ਕੌਫ਼ੀ



ਬਚਿਆ ਹੋਇਆ
ਭੋਜਨ



ਬਾਗਬਾਨੀ ਕੂੜਾ: ਕੱਟਿਆ ਹੋਇਆ ਘਾਹ,
ਛੋਟੀਆਂ ਟਹਿਣੀਆਂ, ਪੱਤੇ ਅਤੇ ਘਾਹ-ਫੂਸ





ਮੁਫ਼ਤ ਵਿੱਚ ਕਿਚਨ ਕੈਡੀ ਪ੍ਰਾਪਤ ਕਰੋ

ਜੇਕਰ ਤੁਹਾਡੇ ਘਰ ਵਿੱਚ ਭੋਜਨ ਅਤੇ ਬਾਗਬਾਨੀ ਆਰਗੈਨਿਕਸ (FOGO) ਬਿਨ ਹੈ, ਤਾਂ ਤੁਸੀਂ ਸਾਡੇ ਕਿਸੇ ਪਿਕਅੱਪ ਪੁਆਇੰਟ ਤੋਂ ਮੁਫ਼ਤ ਕਿਚਨ ਕੈਡੀ ਲੈ ਸਕਦੇ ਹੋ।

ਭੋਜਨ ਅਤੇ ਬਾਗਬਾਨੀ ਬਿੰਨ ਅਤੇ ਕਿਚਨ ਕੈਡੀਆਂ ਬਾਰੇ ਹੋਰ ਜਾਣਕਾਰੀ ਲਈ ਇਹ ਵੈੱਬਸਾਈਟ ਵੇਖੋ:
www.wyndham.vic.gov.au/services/waste-recycling/household-bins/household-bin-services



ਕਿਸੇ ਵੀ ਕਿਸਮ ਦੀਆਂ ਬੈਟਰੀਆਂ,
ਜਾਂ ਜਲਣਸ਼ੀਲ ਤਰਲ ਪਦਾਰਥ
ਜਾਂ ਖ਼ਤਰਨਾਕ ਕੂੜਾ ਨਹੀਂ

ਕੰਪੋਸਟ ਬਿੰਨ ਅਤੇ ਕੀੜੇ ਪਾਲਣ ਵਾਲੇ ਡੱਬੇ



ਕੰਪੋਸਟ ਖਾਦ ਕਿਉਂ ਬਣਾਈਏ?

ਕੀੜੇ ਪਾਲਣ ਵਾਲੇ ਡੱਬੇ ਅਤੇ ਕੰਪੋਸਟ ਬਿੰਨ ਇੱਕ ਆਸਾਨ ਤਰੀਕਾ ਹਨ, ਜਿਸ ਰਾਹੀਂ ਤੁਸੀਂ ਲੈਂਡਫਿਲ ਵਿੱਚ ਜਾਣ ਵਾਲੇ ਜੈਵਿਕ ਕੂੜੇ ਨੂੰ ਘਟਾ ਸਕਦੇ ਹੋ ਅਤੇ ਭੋਜਨ ਦੇ ਬਚੇ ਹੋਏ ਹਿੱਸਿਆਂ ਨੂੰ ਆਪਣੇ ਬਾਗ਼ ਲਈ ਪੌਸ਼ਟਿਕ ਤੱਤਾਂ ਨਾਲ ਭਰਪੂਰ ਖਾਦ ਵਿੱਚ ਬਦਲ ਸਕਦੇ ਹੋ!

ਈ-ਕੂੜਾ ਅਤੇ ਖ਼ਤਰਨਾਕ ਕੂੜਾ



ਬੈਟਰੀਆਂ ਅਤੇ ਇਲੈਕਟ੍ਰਾਨਿਕ ਕੂੜਾ (E-waste) **ਕੂੜਾ**

ਈ-ਕੂੜਾ ਜਾਂ ਇਲੈਕਟ੍ਰਾਨਿਕ ਕੂੜਾ ਉਹ ਸਾਰਾ ਗ਼ੈਰ-ਲੋੜੀਂਦਾ ਜਾਂ ਟੁੱਟਿਆ ਹੋਇਆ ਸਮਾਨ ਹੈ ਜਿਸ ਵਿੱਚ ਪਲੱਗ, ਬੈਟਰੀ ਜਾਂ ਬਿਜਲੀ ਦੀ ਤਾਰ ਹੁੰਦੀ ਹੈ।

ਵਿਕਟੋਰੀਆ ਵਿੱਚ ਆਪਣੇ ਘਰੇਲੂ ਬਿੰਨਾ ਜਾਂ ਲੈਂਡਫਿਲ ਵਿੱਚ ਈ-ਕੂੜੇ ਦਾ ਨਿਪਟਾਰਾ ਕਰਨਾ ਗ਼ੈਰ-ਕਾਨੂੰਨੀ ਹੈ। ਲੈਂਡਫਿਲ ਵਿੱਚ, ਈ-ਕੂੜਾ ਅੱਗ ਦਾ ਕਾਰਨ ਬਣ ਸਕਦਾ ਹੈ ਅਤੇ ਹਵਾ, ਮਿੱਟੀ ਅਤੇ ਪਾਣੀ ਵਿੱਚ ਖ਼ਤਰਨਾਕ ਰਸਾਇਣ ਛੱਡ ਸਕਦਾ ਹੈ।

ਤੁਸੀਂ ਬੈਟਰੀਆਂ, ਮੋਬਾਈਲ ਫ਼ੋਨ ਅਤੇ ਸਹਾਇਕ ਉਪਕਰਨਾਂ ਵਰਗੇ ਛੋਟੇ ਈ-ਕੂੜੇ ਨੂੰ ਵਿੰਡਹੈਮ ਰੀਸਾਈਕਲਿੰਗ ਸਟੇਸ਼ਨਾਂ ਜਾਂ ਈ-ਕੂੜਾ ਸੁੱਟਣ ਵਾਲੇ ਸਥਾਨਾਂ 'ਤੇ ਲਿਜਾ ਕੇ ਰੀਸਾਈਕਲ ਕਰ ਸਕਦੇ ਹੋ।

ਈ-ਕੂੜੇ ਵਾਲੀਆਂ ਵੱਡੀਆਂ ਚੀਜ਼ਾਂ ਨੂੰ ਮੁਫ਼ਤ ਵਿੱਚ ਵਿੰਡਹੈਮ ਲੈਂਡਫਿਲ ਅਤੇ ਰਿਸੋਰਸ ਰਿਕਵਰੀ ਸੈਂਟਰ ਵਿੱਚ ਲਿਜਾਇਆ ਜਾ ਸਕਦਾ ਹੈ ਜਾਂ ਬੁਕਿੰਗ ਵਾਲੇ ਹਾਰਡ ਵੇਸਟ ਕੁਲੈਕਸ਼ਨ ਰਾਹੀਂ ਇਕੱਠਾ ਕੀਤਾ ਜਾ ਸਕਦਾ ਹੈ।

ਈ-ਕੂੜੇ ਅਤੇ ਨਿਪਟਾਰੇ ਦੇ ਤਰੀਕਿਆਂ ਬਾਰੇ ਹੋਰ ਜਾਣਨ ਲਈ, ਇਸ QR ਕੋਡ ਨੂੰ ਸਕੈਨ ਕਰੋ ਜਾਂ www.wyndham.vic.gov.au/ewaste 'ਤੇ ਜਾਓ।

- ਬੈਟਰੀਆਂ
- ਲਾਈਟ ਵਾਲੇ ਬੱਲਬ ਅਤੇ ਫਲੋਰੋਸੈਂਟ ਟਿਊਬਾਂ
- ਮੋਬਾਈਲ ਫ਼ੋਨ
- ਕੰਪਿਊਟਰ ਅਤੇ ਇਸ ਨਾਲ ਸੰਬੰਧਿਤ ਉਪਕਰਨ
- ਟੀਵੀ ਅਤੇ ਰੇਡੀਓ
- ਬੈਟਰੀ ਨਾਲ ਚੱਲਣ ਵਾਲੇ ਖਿਡੌਣੇ
- ਹੈੱਡਫੋਨ
- ਪੱਖੇ
- ਤਾਰਾਂ
- ਵਾਇਟ ਗੁਡਜ਼ (ਜਿਵੇਂ ਫ੍ਰਿਜ, ਵਾਸ਼ਿੰਗ ਮਸ਼ੀਨ ਆਦਿ)
- ਰਸੋਈ ਦੇ ਉਪਕਰਨ
- ਬਿਜਲੀ ਨਾਲ ਚੱਲਣ ਵਾਲੇ ਸੰਦ



ਜਲਣਸ਼ੀਲ ਤਰਲ ਪਦਾਰਥ, ਜ਼ਹਿਰੀਲੇ ਰਸਾਇਣ ਜਾਂ ਖ਼ਤਰਨਾਕ ਕੂੜਾ

ਪੈਟਰੋਲ, ਥਿਨਰ, ਐਸੀਟੋਨ ਅਤੇ ਐਸਬੈਸਟਸ ਵਰਗੇ ਰਸਾਇਣ ਅਤੇ ਖ਼ਤਰਨਾਕ ਕੂੜੇ ਨੂੰ ਤੁਸੀਂ ਨਾ ਤਾਂ ਘਰੇਲੂ ਬਿੰਨਾਂ ਵਿੱਚ ਪਾ ਸਕਦੇ ਹੋ, ਅਤੇ ਨਾ ਹੀ ਵੈਰੀਬੀ ਲੈਂਡਫਿਲ ਅਤੇ ਰਿਸੋਰਸ ਰਿਕਵਰੀ ਸੈਂਟਰ ਵਿੱਚ ਨਹੀਂ ਸੁੱਟਿਆ ਜਾ ਸਕਦਾ ਹੈ। ਕਿਰਪਾ ਕਰਕੇ ਨਿਪਟਾਰੇ ਦੀ ਜਾਣਕਾਰੀ ਲਈ ਸਾਡੀ A-Z ਵੇਸਟ ਗਾਈਡ ਵੇਖੋ:

www.wyndham.vic.gov.au/waste-guide

ਰੀਸਾਈਕਲਿੰਗ ਕਰਨ ਦੇ ਹੋਰ ਤਰੀਕੇ



ਕਮਿਊਨਿਟੀ ਰੀਸਾਈਕਲਿੰਗ ਸਟੇਸ਼ਨ

ਰੀਸਾਈਕਲਿੰਗ ਸਟੇਸ਼ਨ ਵਿੰਡਹੈਮ ਦੇ ਵੱਖ-ਵੱਖ ਕਮਿਊਨਿਟੀ ਸੈਂਟਰਾਂ ਵਿੱਚ ਸਥਿਤ ਹਨ, ਜਿੱਥੇ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਰੀਸਾਈਕਲ ਕਰ ਸਕਦੇ ਹੋ:

- ਹੱਥੀਂ ਵਿੱਚ ਫੜ੍ਹੀਆਂ ਜਾਣ ਵਾਲੀਆਂ ਬੈਟਰੀਆਂ
- ਪ੍ਰਿੰਟਰ ਕਾਰਟ੍ਰਿਜ
- CD ਅਤੇ DVD
- ਛੋਟੇ ਬੱਲਬ ਅਤੇ ਟਿਊਬਾਂ
- ਮੋਬਾਈਲ ਫ਼ੋਨ ਅਤੇ ਸੰਬੰਧਿਤ ਚੀਜ਼ਾਂ
- ਐਕਸ-ਰੇ



ਕੱਪੜੇ ਅਤੇ ਈ-ਕੂੜਾ ਸੁੱਟਣ ਵਾਲੇ ਕੇਂਦਰ

ਇਲੈਕਟ੍ਰਾਨਿਕ ਕੂੜਾ (ਈ-ਕੂੜਾ) ਅਤੇ ਕੱਪੜਿਆਂ ਨੂੰ ਕਈ ਤਰੀਕਿਆਂ ਨਾਲ ਦੁਬਾਰਾ ਵਰਤਿਆ ਅਤੇ ਰੀਸਾਈਕਲ ਕੀਤਾ ਜਾ ਸਕਦਾ ਹੈ, ਪਰ ਇਹਨਾਂ ਨੂੰ ਘਰੇਲੂ ਬਿੰਨਾਂ ਰਾਹੀਂ ਨਹੀਂ ਨਿਪਟਾਇਆ ਜਾ ਸਕਦਾ। ਈ-ਕੂੜਾ ਅਤੇ ਕੱਪੜੇ ਸੁੱਟਣ ਵਾਲੇ ਕੇਂਦਰ ਵਿੰਡਹੈਮ ਵਿੱਚ ਕਈ ਕਮਿਊਨਿਟੀ ਸੈਂਟਰਾਂ ਦੇ ਕਾਰਪਾਰਕਾਂ ਵਿੱਚ ਮੌਜੂਦ ਹਨ। ਖ਼ਾਸ ਸਥਾਨਾਂ ਦੀ ਜਾਣਕਾਰੀ ਲਈ ਇਹ ਵੈੱਬਸਾਈਟ ਵੇਖੋ।

ਵੇਖੋ: www.wyndham.vic.gov.au/services/waste-recycling/other-waste-recycling-services

ਕੰਟੇਨਰ ਡਿਪਾਜ਼ਿਟ ਸਕੀਮ



ਕੰਟੇਨਰ ਡਿਪਾਜ਼ਿਟ ਸਕੀਮ (CDS)

ਵਿੰਡਹੈਮ ਵਿੱਚ ਕਈ ਸਥਾਨ ਹਨ ਜਿੱਥੇ ਤੁਸੀਂ ਯੋਗ ਕੰਟੇਨਰ ਜਿਵੇਂ ਕਿ ਕੈਨ ਅਤੇ ਬੋਤਲਾਂ ਨੂੰ ਦੇ ਕੇ 10 ਸੈਂਟ ਦੀ ਰਿਫੰਡ ਲੈ ਸਕਦੇ ਹੋ।

ਯੋਗ ਕੰਟੇਨਰਾਂ ਅਤੇ ਸਥਾਨਾਂ ਬਾਰੇ ਵਧੇਰੇ ਜਾਣਕਾਰੀ ਲਈ ਇਹ ਵੈੱਬਸਾਈਟ ਵੇਖੋ:
mytomra.com.au/locations/vic-container-deposit-scheme/

ਆਪਣਾ ਕੂੜਾ ਘਟਾਓ

ਕੂੜਾ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਤੁਸੀਂ ਪਹਿਲਾਂ ਤੋਂ ਹੀ ਕੂੜਾ ਬਣਨ ਤੋਂ ਬਚਾਓ।
ਜਦੋਂ ਤੁਸੀਂ ਘੱਟ ਖ਼ਰੀਦਦੇ ਹੋ ਅਤੇ ਮੁੜ ਵਰਤਣ ਯੋਗ ਚੀਜ਼ਾਂ ਦੀ ਚੋਣ ਕਰਦੇ ਹੋ, ਤਾਂ ਸੁੱਟਣ ਲਈ ਵੀ ਘੱਟ ਸਾਮਾਨ ਹੁੰਦਾ ਹੈ — ਜਿਸਦਾ ਮਤਲਬ ਹੈ ਵਾਤਾਵਰਣ ਨੂੰ ਘੱਟ ਨੁਕਸਾਨ।

ਕੂੜਾ ਘਟਾਉਣ ਵਿੱਚ ਮੱਦਦ ਕਰਨ ਲਈ ਇਨ੍ਹਾਂ ਸਧਾਰਨ ਰੋਜ਼ਮਰ੍ਹਾ ਕਦਮਾਂ ਨੂੰ ਅਜ਼ਮਾਓ:

- ਮੁੜ ਵਰਤੋਂ ਯੋਗ ਲਿਫ਼ਾਫ਼ੇ, ਕੱਪ ਅਤੇ ਪਾਣੀ ਬੋਤਲਾਂ ਦੀ ਵਰਤੋਂ ਕਰੋ
- ਨਵੀਆਂ ਦੀ ਥਾਂ ਪੁਰਾਣੀਆਂ/ਸੈਕੰਡ ਹੈਂਡ ਚੀਜ਼ਾਂ ਖ਼ਰੀਦੋ
- ਸੋਚ-ਸਮਝ ਕੇ ਖ਼ਰੀਦਦਾਰੀ ਕਰੋ - ਸਿਰਫ਼ ਉਹੀ ਖ਼ਰੀਦੋ ਜਿਸਦੀ ਤੁਹਾਨੂੰ ਲੋੜ ਹੋਵੇ!
- ਚੰਗੀ ਗੁਣਵੱਤਾ ਵਾਲੀਆਂ ਗ਼ੈਰ-ਲੋੜੀਂਦੀਆਂ ਚੀਜ਼ਾਂ ਜ਼ਿੰਮੇਵਾਰੀ ਨਾਲ ਦਾਨ ਕਰੋ
- ਜ਼ਿਆਦਾ ਪੈਕਿੰਗ ਵਾਲੀਆਂ ਚੀਜ਼ਾਂ ਤੋਂ ਬਚੋ
- ਕੰਪੋਸਟ ਬਿੰਨ ਅਤੇ ਕੀੜੇ ਪਾਲਣ ਵਾਲੇ ਡੱਬੇ ਦੀ ਵਰਤੋਂ ਕਰਕੇ ਬਚੇ ਹੋਏ ਭੋਜਨ ਦੀ ਖਾਦ ਬਣਾਓ
- ਸਥਾਨਕ ਸਫ਼ਾਈ ਮੁਹਿੰਮਾਂ ਵਿੱਚ ਹਿੱਸਾ ਲਵੋ
- ਘਰ ਵਿੱਚ ਆਪਣੀਆਂ ਜੜ੍ਹੀਆਂ ਬੂਟੀਆਂ ਜਾਂ ਸਬਜ਼ੀਆਂ ਉਗਾਓ
- ਮੁੜ ਵਰਤੋਂ ਯੋਗ ਕੱਪੜੇ ਦੇ ਡਾਇਪਰ ਅਤੇ ਸੈਨੇਟਰੀ ਵਸਤੂਆਂ ਦੀ ਵਰਤੋਂ ਕਰੋ

ਚੰਗੀ ਗੁਣਵੱਤਾ ਵਾਲੀਆਂ ਚੀਜ਼ਾਂ ਦਾਨ ਕਰਨ ਅਤੇ ਹੋਰ ਕੂੜਾ ਘਟਾਉਣ ਬਾਰੇ ਜਾਣਕਾਰੀ ਲਈ ਇਸ ਵੈੱਬਸਾਈਟ 'ਤੇ ਜਾਓ:
www.wyndham.vic.gov.au/reduce-waste

ਹਰ ਛੋਟਾ ਕਦਮ ਇੱਕ ਵੱਡਾ ਫ਼ਰਕ ਪਾਉਂਦਾ ਹੈ!
ਵਿੰਡਹੈਮ ਦੀ ਗ੍ਰੀਨ ਲਿਵਿੰਗ ਸੀਰੀਜ਼: ਸਮਾਗਮ ਅਤੇ ਵਰਕਸ਼ਾਪਾਂ

ਵਿੰਡਹੈਮ ਸਿਟੀ ਕੌਂਸਲ ਸਾਲ ਭਰ ਮੁਫ਼ਤ ਸਮਾਗਮ ਅਤੇ ਵਰਕਸ਼ਾਪਾਂ ਕਰਵਾਉਂਦੀ ਹੈ, ਜੋ ਤੁਹਾਨੂੰ ਕੂੜਾ ਘਟਾਉਣ, ਬਿਹਤਰ ਰੀਸਾਈਕਲ ਕਰਨ, ਨਵੇਂ ਜ਼ਰੂਰੀ ਹੁਨਰ ਸਿੱਖਣ ਅਤੇ ਪੈਸਾ ਬਚਾਉਣ ਵਿੱਚ ਮੱਦਦ ਕਰਦੇ ਹਨ।

ਆਉਣ ਵਾਲੇ ਸਮਾਗਮ ਵੇਖਣ ਲਈ ਇਹ ਵੈੱਬਸਾਈਟ 'ਤੇ ਜਾ ਕੇ ਵੇਖੋ:
www.wyndham.vic.gov.au/greenlivingseries

A-Z

ਇੰਟਰਐਕਟਿਵ ਘਰੇਲੂ ਕੂੜਾ-ਕਰਕਟ ਗਾਈਡ



ਕੀ ਤੁਹਾਡੇ ਕੋਲ ਕੋਈ ਚੀਜ਼ ਹੈ ਜਿਸਨੂੰ ਤੁਸੀਂ ਨਿਪਟਾਉਣਾ ਚਾਹੁੰਦੇ ਹੋ, ਪਰ ਤੁਹਾਨੂੰ ਪਤਾ ਨਹੀਂ ਕਿ ਇਹ ਕਿੱਥੇ ਜਾਣੀ ਚਾਹੀਦੀ ਹੈ?

ਸਾਡੀ ਇੰਟਰਐਕਟਿਵ ਕੂੜਾ ਅਤੇ ਰੀਸਾਈਕਲਿੰਗ ਗਾਈਡ ਵੇਖੋ। ਇਸ ਵੈੱਬਸਾਈਟ 'ਤੇ ਜਾਓ, ਅਤੇ ਜਿਸ ਚੀਜ਼ ਨੂੰ ਤੁਸੀਂ ਨਿਪਟਾਉਣਾ ਚਾਹੁੰਦੇ ਹੋ, ਉਸ ਦਾ ਨਾਮ ਲਿਖੋ ਅਤੇ ਵੇਖੋ ਕਿ ਤੁਹਾਡੇ ਕੋਲ ਕਿਹੜੇ ਤਰੀਕੇ ਮੌਜੂਦ ਹਨ।

ਹੋਰ ਜਾਣਕਾਰੀ ਅਤੇ ਚੀਜ਼ਾਂ ਅਤੇ ਸਾਮਾਨ ਦੀ ਪੂਰੀ ਸੂਚੀ ਲਈ, ਕਿਰਪਾ ਕਰਕੇ **www.wyndham.vic.gov.au/waste-guide** ਦੇਖੋ।

ਜੇਕਰ ਤੁਹਾਨੂੰ ਆਪਣੀ ਚੀਜ਼ ਸੂਚੀ ਵਿੱਚ ਨਹੀਂ ਮਿਲੀ ਜਾਂ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕੌਂਸਲ ਦੀ Waste Education Team ਨਾਲ **wastewise@wyndham.vic.gov.au** 'ਤੇ ਜਾਂ **1300 023 411** 'ਤੇ ਸੰਪਰਕ ਕਰੋ।



ਸਾਡੇ ਨਾਲ ਸੰਪਰਕ ਕਰੋ

ਵੈੱਬਸਾਈਟ:
www.wyndham.vic.gov.au

ਈ-ਮੇਲ:
mail@wyndham.vic.gov.au

ਫ਼ੋਨ:
1300 023 411

Interpreter

ਅਨੁਵਾਦ ਅਤੇ ਦੁਭਾਸ਼ੀਏ ਸੇਵਾਵਾਂ ਲਈ
131 450 'ਤੇ ਫ਼ੋਨ ਕਰੋ

ਪੰਜਾਬ (Punjabi)
हिंदी (Hindi)
普通话 (Mandarin)
العربية (Arabic)
Tiếng Việt (Vietnamese)
ကညီကျိာ် (Karen)

ਇਹ ਪੰਨਾ 100% ਮੁੜ-ਵਰਤੇ ਗਏ ਕਾਗਜ਼ 'ਤੇ ਛਾਪਿਆ ਗਿਆ ਹੈ,
ਅਤੇ ਇਸ ਵਿੱਚ ਕਲੋਰਿਨ-ਮੁਕਤ ਸਿਆਹੀ ਦੀ ਵਰਤੋਂ ਕੀਤੀ ਗਈ ਹੈ।

wyndhamcity
city. coast. country